ਮਿਤੀ: ੧੫ ਜੁਲਾਈ ੨੦੨੫

ਸਤਿਕਾਰਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਜੀ,
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ।

**ਵਿਸ਼ਾ: ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਦੇ ਸਬੰਧ ਵਿੱਚ ੩੪ ਮੈਂਬਰੀ ਕਮੇਟੀ ਦੇ ਗਠਨ ਤੇ ਸਰਬੱਤ ਖ਼ਾਲਸਾ ਜਥੇਬੰਦੀ ਦੀ ਸਮੀਖਿਆ।**

ਮੋਜੂਦਾ ਸਮੇਂ ਵਿੱਚ ਜੋ ਤਖਤਾਂ ਦੇ ਜਥੇਦਾਰਾਂ ਵਿੱਚ ਆਪਸੀ ਟਕਰਾਓ ਪੈਦਾ ਹੋਇਆ ਹੈ ਉਸ ਬਾਰੇ ਹਰ ਸੁਹਿਰਦ ਸਿੱਖ ਚਿੰਤਤ ਹੈ। ਗੁਰਬਾਣੀ ਇਸਦਾ ਕਾਰਨ ਸਮਝਾਉਣਾ ਕਰਦੀ ਹੈ- 'ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥'
ਇਸਦਾ ਹੱਲ ਵੀ ਗੁਰਬਾਣੀ ਬਖਸ਼ਿਸ਼ ਕਰਦੀ ਹੈ- 'ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ॥'

ਆਪ ਜੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਵਾਸਤੇ "ਰਾਇ ਰਿਪੋਰਟ" ਦੇ ਸਬੰਧ ਵਿੱਚ ੩੪ ਮੈਂਬਰੀ ਕਮੇਟੀ ਦਾ ਐਲਾਨ ਬੇਅਰਥ ਅਤੇ ਗੈਰਵਾਜਬ ਸੀ, ਜਿਸਦੇ ਹੇਠ ਲਿਖੇ ਕਾਰਨ ਹਨ:

੧) ਬੇਅਰਥ ਇਸ ਲਈ ਕਿ ਆਪ ਜੀ ਨੇ ਪਹਿਲਾਂ ਹੀ ਦੇਸ਼-ਵਿਦੇਸ਼ ਦੀਆਂ ਸਮੂਹ ਸੰਗਤਾਂ ਤੋਂ ਰਾਇ ਮੰਗੀ ਸੀ, ਅਤੇ ਆਪ ਜੀ ਨੂੰ ਕਈ ਸਿੱਖ ਸੰਸਥਾਵਾਂ ਅਤੇ ਪੰਥ ਦਰਦੀਆਂ ਨੇ ਆਪਣੀ ਰਾਇ ਭੇਜੀ ਹੈ। ਸਰਬੱਤ ਖ਼ਾਲਸਾ ਜਥੇਬੰਦੀ ਨੇ ਵੀ ਆਪ ਨੂੰ ੧੦ ਮਈ ੨੦੨੫ ਨੂੰ ਇਸ ਬਾਬਤ ਚਿੱਠੀ ਭੇਜੀ ਸੀ। ਦੋਬਾਰਾ "ਰਾਇ ਰਿਪੋਰਟ" ਵਾਸਤੇ ੩੪ ਮੈਂਬਰੀ ਕਮੇਟੀ ਦੇ ਗਠਨ ਨਾਲ ਸੰਗਤਾਂ ਵੱਲੋਂ ਪਹਿਲਾਂ ਭੇਜੇ ਸੁਝਾਅ ਅਰਥਹੀਣ ਹੋ ਜਾਂਦੇ ਹਨ। ਆਪਣਾ ਫਰਜ਼ ਸਮਝਦਿਆਂ ਤੁਹਾਨੂੰ ਬਿਨਾ ਕਿਸੇ ਦੇਰੀ ਤੋਂ ਉਹ ਸਾਰੀਆਂ ਚਿੱਠੀਆਂ ਐਸਜੀਪੀਸੀ ਦੀ ਵੈਬਸਾਈਟ ਤੇ ਪ੍ਰਕਾਸ਼ਿਤ ਕਰਕੇ ਜਨਤੱਕ ਕਰ ਦੇਣੀਆਂ ਚਾਹੀਦੀਆਂ ਹਨ।

੨) ਇਹ ਐਲਾਨ ਗੈਰਵਾਜਬ ਇਸ ਲਈ ਹੈ ਕਿਉਂਕੀ ੩੪ ਮੈਂਬਰਾਂ ਦੀ ਚੋਣ ਅਤੇ ਕਾਬਲੀਅਤ ਦਾ ਕੋਈ ਪੈਮਾਨਾ ਨਹੀਂ ਦੱਸਿਆ ਗਿਆ। ਕਿ ਇਹ ਕਮੇਟੀ ਪਹਿਲਾਂ ਤੋਂ ਆਏ ਸੁਝਾਅ ਦੇ ਅਧਾਰ ਤੇ ਰਿਪੋਰਟ ਬਣਾਵੇਗੀ? ਇਸ ਬਾਰੇ ਵੀ ਕੋਈ ਸਪਸ਼ਟਤਾ ਨਹੀਂ। ਇਸ ਕਮੇਟੀ ਵਿੱਚ ਵੱਧ ਮੈਂਬਰ ਡੇਰੇ ਜਾਂ ਸੰਪ੍ਰਦਾਵਾਂ ਨਾਲ ਹੋਣ ਕਾਰਨ ਇਹ ਪਹਿਲਾਂ ਹੀ ਇੱਕ-ਪਾਸੜ ਹੋਈ ਦਿਸਦੀ ਹੈ।

ਸਾਨੂੰ ਆਪਣਾ ਹਰ ਕਦਮ ਗੁਰਬਾਣੀ ਦੇ ਚਾਨਣ ਵਿੱਚ ਅਤੇ ਗੁਰੂ ਸਾਹਿਬਾਨ ਵੱਲੋਂ ਪਾਏ ਪੂਰਨਿਆਂ ਅਨੁਸਾਰ ਪਰਖਣਾ ਚਾਹੀਦਾ ਹੈ। ਸ੍ਰੀ ਗੁਰੂਹਰਿਗੋਬਿੰਦ ਸਾਹਿਬ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਹੀ ਮੀਰੀ-ਪੀਰੀ ਦੇ ਸਿਧਾਂਤ ਨੂੰ ਥੜਾ ਸਾਹਿਬ ਦੇ ਨਿਰਮਾਨ ਨਾਲ ਰੂਪਮਾਨ ਕੀਤਾ ਗਿਆ ਸੀ। ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਸੰਗਤ-ਪੰਗਤ ਨੂੰ ਕਰਤਾਰਪੁਰ ਵਿਖੇ ਰੂਪਮਾਨ ਕੀਤਾ ਸੀ ਅਤੇ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਨੂੰ ਅਨੰਦਪੁਰ ’ਚ ਪ੍ਰਗਟ ਕੀਤਾ ਸੀ। ਜੇ ਖੰਡੇ-ਬਾਟੇ ਦੀ ਪਾਹੁਲ ਦੀ ਦਾਤ ਲੈਣ ਲਈ ਅਨੰਦਪੁਰ ਵਿਚ ਹੋਣਾ ਲਾਜ਼ਮੀ ਨਹੀਂ ਅਤੇ ਸੰਗਤ-ਪੰਗਤ ਵਾਸਤੇ ਕਰਤਾਰਪੁਰ ਹੋਣਾ ਲਾਜ਼ਮੀ ਨਹੀਂ, ਇਸੇ ਤਰਾਂ ਮੀਰੀ-ਪੀਰੀ ਦੇ ਸਿਧਾਂਤ ਦੀ ਨਿਰੰਤਰਤਾ ਲਈ ਥੜਾ ਸਾਹਿਬ (ਜੋ ਬਾਅਦ ਵਿੱਚ ਅਕਾਲ ਬੁੰਗੇ ਅਤੇ ਹੁਣ ਅਕਾਲ ਤਖ਼ਤ ਦੇ ਨਾਮ ਨਾਲ ਮਕਬੂਲ ਹੈ) ਦਾ ਸਥਾਨ ਲਾਜ਼ਮੀ ਨਹੀਂ। ਸਿਧਾਂਤ ਕਿਸੇ ਇਕ ਸਥਾਨ ਤੱਕ ਸੀਮਤ ਨਹੀਂ ਹੁੰਦਾ।

ਸਿੱਖ ਸਿਧਾਂਤ ਦੀ ਰਾਖੀ ਵਾਸਤੇ ਪੰਚ-ਪ੍ਰਧਾਨੀ ਸੰਕਲਪ ਅਧੀਨ ਹੱਲ ਲੱਭਣਾ ਚਾਹੀਦਾ ਹੈ। ਇਹਨਾ ਵਿਚਾਰਾਂ ਅਤੇ ਸੁਝਾਅ ਨਾਲ ੧੦ ਮਈ ਨੂੰ ਆਪ ਜੀ ਨੂੰ ਚਿੱਠੀ ਲਿੱਖੀ ਸੀ। ਸਰਬੱਤ ਖਾਲਸਾ ਜਥੇਬੰਦੀ ਗੁਰਮਤਿ ਦੇ ਚਾਨਣ ਵਿੱਚ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਦੀ ਇੱਕ ਖੁਦਮੁਖਤਿਆਰ ਸੰਸਥਾ ਹੈ, ਜੋ ਕਿਸੇ ਖਾਸ ਦੇਸ਼-ਸਥਾਨ ਨਾਲ ਬੱਝੇ ਬਿਨਾ, ਪੂਰਨ ਪਾਰਦਰਸ਼ਤਾ ਨਾਲ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ। ਵਿਸਥਾਰ ਵਾਸਤੇ ਦੇਖੋ: https://sarbatkhalsa.world

ਉਮੀਦ ਹੈ ਆਪ ਜੀ ਇਹਨਾ ਵਿਚਾਰਾਂ ਵੱਲ ਧਿਆਨ ਦੇਕੇ ਕਾਰਜ ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਉਣ ਲਈ ਉੱਦਮ ਕਰੋਗੇ ਜਿਸ ਨਾਲ ਸਿੱਖ ਸੰਸਥਾਵਾਂ ਵਿੱਚ ਬੇਭਰੋਸਗੀ ਦਾ ਆਲਮ ਕੁਝ ਘਟ ਸਕੇ।

ਵੱਲੋਂ ਪੰਜ ਪ੍ਰਧਾਨੀ ਕੌਂਸਲ:
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।